ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Line of Credit Fix Bad Credit Get OSAP Loan 905-965-4644
ਜਾਦੂ ਟੂਣੇ ਦੀ ਕਾਟ 1-604-961-6635
12 Beds, 7 Baths For 24 Guests 905-965-4644
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
Sher Atta $14.99 20LB 905-678-0300
Security Cameras CCTV Live Monitoring 647-863-9232
ਇੰਡੀਅਨ ਵੀਜ਼ਾ OCI & Passport Renewal 514-389-7070

# Trump ਨੇ Canada 'ਤੇ ਲਾ ਦਿੱਤੇ 10% ਵਾਧੂ ਟੈਰਿਫ਼ਸ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਐਲਾਨ ਕੀਤਾ ਕਿ ਉਹ ਕੈਨੇਡਾ ਤੋਂ ਆਉਣ ਵਾਲੀਆਂ ਵਸਤਾਂ 'ਤੇ ਟੈਰਿਫ਼ਸ (ਆਯਾਤ ਟੈਕਸ) 10% ਵਧਾਉਣਗੇ। ਉਨ੍ਹਾਂ ਨੇ ਇਹ ਫ਼ੈਸਲਾ ਕੈਨੇਡੀਅਨ ਸੂਬੇ ਓਨਟੈਰੀਓ ਦੁਆਰਾ ਚਲਾਏ ਗਏ ਇੱਕ TV Commercial (ਇਸ਼ਤਿਹਾਰ) ਦੇ ਜਵਾਬ 'ਚ ਲਿਆ। ਇਸ਼ਤਿਹਾਰ 'ਚ ਸਾਬਕਾ ਅਮਰੀਕੀ ਰਾਸ਼ਟਰਪਤੀ ਰੌਨਲਡ ਰੀਗਨ ਦਾ ਇੱਕ ਪੁਰਾਣਾ ਭਾਸ਼ਣ ਦਿਖਾਇਆ ਗਿਆ ਸੀ ਜਿਸ 'ਚ ਰੀਗਨ ਨੇ ਕਿਹਾ ਸੀ ਕਿ ਟੈਰਿਫ਼ਾਂ ਨਾਲ ਵਪਾਰ ਯੁੱਧ ਅਤੇ ਆਰਥਿਕ ਸੰਕਟ ਪੈਦਾ ਹੁੰਦੇ ਹਨ। ਟਰੰਪ ਨੇ ਇਸ਼ਤਿਹਾਰ ਨੂੰ ਝੂਠਾ ਅਤੇ ਦੁਸ਼ਮਣੀ ਵਾਲਾ ਇੱਕ ਕਦਮ ਦੱਸਿਆ ਅਤੇ ਕਿਹਾ ਕਿ ਓਨਟੈਰੀਓ ਸਰਕਾਰ ਨੇ ਜਾਣਬੁੱਝ ਕੇ ਇਸ ਨੂੰ ਵਰਲਡ ਸੀਰੀਜ਼ ਦੇ ਪਹਿਲੇ ਮੈਚ ਦੌਰਾਨ ਪ੍ਰਸਾਰਿਤ ਕੀਤਾ ਭਾਵੇਂ ਪਹਿਲਾਂ ਉਸ ਨੇ ਇਸ ਐਡ ਨੂੰ ਹਟਾਉਣ ਦਾ ਵਾਅਦਾ ਕੀਤਾ ਸੀ।

ਪੂਰਾ ਵਿਵਾਦ: ਓਨਟੈਰੀਓ ਸਰਕਾਰ ਨੇ ਹਾਲ ਹੀ 'ਚ ਮੌਜੂਦਾ ਅਮਰੀਕੀ ਟੈਰਿਫ਼



ਨੀਤੀ ਦੀ ਆਲੋਚਨਾ ਕਰਦੇ ਹੋਏ ਇੱਕ ਟੈਰਿਫ਼ਸ ਵਿਰੋਧੀ ਇੱਕ ਇਸ਼ਤਿਹਾਰੀ ਮੁਹਿੰਮ ਸ਼ੁਰੂ ਕੀਤੀ। ਇਸ਼ਤਿਹਾਰ 'ਚ ਰੀਪਬਲੀਕਨ ਨੇਤਾ ਰੌਨਲਡ ਰੀਗਨ ਦਾ ਇੱਕ ਵੀਡੀਓ ਵਰਤਿਆ ਗਿਆ ਸੀ। ਇਸ ਨਾਲ ਟਰੰਪ ਨਾਰਾਜ਼ ਹੋ ਗਏ। ਉਨ੍ਹਾਂ ਆਪਣੇ ਸੋਸ਼ਲ ਮੀਡੀਆ ਪਲੈਟਫ਼ੌਰਮ ਟਰੂਥ ਸੋਸ਼ਲ 'ਤੇ ਪੋਸਟ ਕੀਤਾ: "ਉਨ੍ਹਾਂ ਦਾ ਇਸ਼ਤਿਹਾਰ ਝੂਠਾ ਅਤੇ ਗੁਮਰਾਹਕੁਨ ਸੀ। ਇਸ ਨੂੰ ਤੁਰੰਤ ਹਟਾ ਦਿੱਤਾ ਜਾਣਾ ਚਾਹੀਦਾ ਸੀ, ਪਰ ਉਨ੍ਹਾਂ ਨੇ ਇਸ ਨੂੰ ਵਰਲਡ ਸੀਰੀਜ਼ ਦੌਰਾਨ ਚਲਾਇਆ। ਇਸ ਲਈ ਮੈਂ ਕੈਨੇਡਾ 'ਤੇ ਮੌਜੂਦਾ ਦਰਾਂ ਤੋਂ ਵੱਧ 10% ਟੈਰਿਫ਼ਸ ਲਗਾ ਰਿਹਾ ਹਾਂ।" ਉਨ੍ਹਾਂ ਇਹ ਬਿਆਨ ਏਅਰਫ਼ੋਰਸ ਵੰਨ 'ਤੇ ਮਲੇਸ਼ੀਆ ਦੀ ਯਾਤਰਾ ਦੌਰਾਨ ਦਿੱਤਾ।

ਕੈਨੇਡਾ ਦੀ ਪ੍ਰਤੀਕਿਰਿਆ: ਓਨਟੈਰੀਓ ਦੇ ਪ੍ਰੀਮੀਅਰ ਡਗ ਫ਼ੋਰਡ ਨੇ ਕਿਹਾ ਕਿ ਉਹ ਇਸ ਮੁੱਦੇ ਬਾਰੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਗੱਲ ਕਰਨਗੇ ਅਤੇ ਇਸ਼ਤਿਹਾਰ ਮੁਹਿੰਮ ਲੰਘੇ ਸੋਮਵਾਰ ਤਕ ਬੰਦ ਕਰ ਦਿੱਤੀ ਗਈ ਸੀ। ਕੈਨੇਡੀਅਨ ਸਰਕਾਰ ਨੇ ਕਿਹਾ ਹੈ ਕਿ ਉਹ ਅਮਰੀਕਾ ਨਾਲ ਵਪਾਰਕ ਗੱਲਬਾਤ ਮੁੜ ਸ਼ੁਰੂ ਕਰਨ ਲਈ ਤਿਆਰ ਹੈ।

ਮੌਜੂਦਾ ਟੈਰਿਫ਼ ਦਰਾਂ ਅਤੇ ਪ੍ਰਭਾਵ: ਅਮਰੀਕਾ ਪਹਿਲਾਂ ਹੀ ਕੈਨੇਡੀਅਨ ਸਾਮਾਨਾਂ 'ਤੇ 35% ਟੈਰਿਫ਼ਸ ਲਗਾਉਂਦਾ ਹੈ। ਇਸ ਤੋਂ ਇਲਾਵਾ ਕੁਝ ਖੇਤਰ ਵਾਧੂ ਉੱਚ ਟੈਕਸਾਂ ਦੇ ਅਧੀਨ ਹਨ ਜਿਵੇਂ ਕਿ ਧਾਤਾਂ (ਸਟੀਲ, ਐਲੂਮੀਨੀਅਮ) 50%; ਆਟੋਮੋਬਾਈਲ ਅਤੇ ਆਟੋ ਪਾਰਟਸ 25%; ਹਾਲਾਂਕਿ ਬਹੁਤ ਸਾਰੇ ਉਤਪਾਦ USMCA (US-ਮੈਕਸੀਕੋ-ਕੈਨੇਡਾ ਸਮਝੌਤਾ) ਤਹਿਤ ਛੋਟ ਪ੍ਰਾਪਤ ਹਨ, ਇਸ ਲਈ ਪ੍ਰਭਾਵ ਸੀਮਿਤ ਹੋ ਸਕਦਾ ਹੈ।

ਸੰਭਾਵੀ ਪ੍ਰਭਾਵ: ਮਾਹਿਰਾਂ ਦਾ ਮੰਨਣਾ ਹੈ ਕਿ ਇਹ ਕਦਮ ਅਮਰੀਕਾ-ਕੈਨੇਡਾ ਵਪਾਰਕ ਸਬੰਧਾਂ ਨੂੰ ਹੋਰ ਤਨਾਅ ਦੇ ਸਕਦਾ ਹੈ। ਕੈਨੇਡਾ ਅਮਰੀਕਾ ਦਾ ਦੂਜਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਕੈਨੇਡੀਅਨ ਕੰਪਨੀਆਂ ਨੂੰ ਹੁਣ ਅਮਰੀਕੀ ਬਾਜ਼ਾਰ 'ਚ ਸਾਮਾਨ ਵੇਚਣ ਵੇਲੇ ਵਧੇਰੇ ਲਾਗਤਾਂ ਅਤੇ ਮੁਕਾਬਲੇ ਦਾ ਸਾਹਮਣਾ ਕਰਨਾ ਪਵੇਗਾ।

ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਕਰਜ਼ੇ ਤੋਂ ਪਰੇਸ਼ਾਨ ਹੋ? 416-502-3100

# ਲਾਹੌਰ ਹੈ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ

ਲਾਹੌਰ: ਪਾਕਿਸਤਾਨ ਦੇ ਪੰਜਾਬ ਸੂਬੇ ਦੀ ਰਾਜਧਾਨੀ ਲਾਹੌਰ ਇੱਕ ਵਾਰ ਫ਼ਿਰ ਦੁਨੀਆਂ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਐਲਾਨਿਆ ਗਿਆ ਹੈ। ਸ਼ਹਿਰ ਜ਼ਹਿਰੀਲੀ ਧੁੰਦ (ਸਮੌਗ) ਦੀ ਲਪੇਟ 'ਚ ਆ ਗਿਆ ਜਿਸ ਕਾਰਨ ਕਈ ਖੇਤਰਾਂ 'ਚ ਏਅਰ ਕੁਆਲਿਟੀ ਇੰਡੈਕਸ (AQI) 500 ਤੋਂ ਪਾਰ ਪਹੁੰਚ ਗਿਆ। ਰੀਅਲ-ਟਾਈਮ ਏਅਰ ਕੁਆਲਿਟੀ ਡੇਟਾ ਮੁਤਾਬਿਕ ਲਾਹੌਰ ਦਾ ਔਸਤ AQI 312 ਤਕ ਦਰਜ ਕੀਤਾ ਗਿਆ ਜੋ ਕਿ

ਵਿਸ਼ਵ ਸਿਹਤ ਸੰਗਠਨ (WHO) ਦੇ ਮਾਪਦੰਡਾਂ ਨਾਲੋਂ 25 ਗੁਣਾ ਵੱਧ ਖ਼ਤਰਨਾਕ ਪੱਧਰ ਹੈ।ਕੁੱਝ ਖ਼ਾਸ ਇਲਾਕਿਆਂ 'ਚ ਪ੍ਰਦੂਸ਼ਣ ਦਾ ਪੱਧਰ ਬੇਹੱਦ ਭਿਆਨਕ ਦਰਜ ਕੀਤਾ ਗਿਆ ਹੈ। ਸਿਟੀ ਸਕੂਲ, ਅਲਾਮਾ ਇਕਬਾਲ ਟਾਊਨ 'ਚ AQI 505 ਅਤੇ ਫ਼ੌਜੀ ਫ਼ਰਟੀਲਾਈਜ਼ਰ ਪਾਕਿਸਤਾਨ 'ਚ AQI 525 ਤਕ ਪਹੁੰਚ ਗਿਆ। ਇਸ ਤੋਂ ਇਲਾਵਾ ਸਿਟੀ ਸਕੂਲ ਸ਼ਾਲੀਮਾਰ ਕੈਂਪਸ 'ਚ ਵੀ AQI 366 ਦਰਜ ਕੀਤਾ ਗਿਆ। ਪ੍ਰਦੂਸ਼ਣ ਦੇ ਇਹ ਸਾਰੇ ਦਰਜ ਕੀਤੇ ਗਏ ਪੱਧਰ ਸਿਹਤ ਐਮਰਜੈਂਸੀ ਦੀ ਸ਼੍ਰੇਣੀ 'ਚ ਆਉਂਦੇ ਹਨ।ਲਾਹੌਰ ਤੋਂ ਇਲਾਵਾ ਪਾਕਿਸਤਾਨ ਦੇ ਹੋਰ ਸ਼ਹਿਰਾਂ 'ਚ ਵੀ ਪ੍ਰਦੂਸ਼ਣ ਦਾ ਪੱਧਰ ਖ਼ਤਰਨਾਕ ਹੈ ਜਿਨ੍ਹਾਂ 'ਚ ਫ਼ੈਸਲਾਬਾਦ (AQI 439) ਅਤੇ ਮੁਲਤਾਨ (AQI 438) ਸ਼ਾਮਿਲ ਹਨ। ਗੁਜਰਾਂਵਾਲਾ, ਬਹਾਵਲਪੁਰ ਅਤੇ ਸਿਆਲਕੋਟ ਵਰਗੇ ਸ਼ਹਿਰਾਂ 'ਚ ਵੀ ਪ੍ਰਦੂਸ਼ਣ ਦਾ ਪੱਧਰ ਬਹੁਤ ਉੱਚਾ ਦੱਸਿਆ ਗਿਆ ਹੈ। ਆਲਮੀ ਦਰਜਾਬੰਦੀ 'ਚ ਲਾਹੌਰ (AQI 272) ਨੇ ਭਾਰਤ ਦੇ ਦੋ ਵੱਡੇ ਸ਼ਹਿਰਾਂ ਦਿੱਲੀ (AQI 220) ਅਤੇ ਕੋਲਕਾਤਾ (AQI 170) ਨੂੰ ਪਿੱਛੇ ਛੱਡ ਕੇ ਦੁਨੀਆਂ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਵਜੋਂ ਆਪਣੀ ਜਗ੍ਹਾ ਬਣਾ ਲਈ ਹੈ।

Lunch Buffet $13 905-565-0036
100% Vegetarian Catering 10% Off 905-565-0036
Buy 1 2nd Free 905-565-0036
ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ 416-277-9742
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710

## ਜੋਤਿਸ਼ ਦਾ ਸੱਚ- 715

ਹੁਣ ਗੱਲ ਕਰਦੇ ਹਾਂ ਵਾਸਤੂ ਸ਼ਾਸਤਰ ਨਾਲ ਬਿਲਾਂਗ ਕਰਦੇ ਖਾਸ ਉਪਾਆਂ ਦੇ ਬਾਰੇ। ਕਦੇ ਵੀ ਘਰ ਵਿਚ ਕੋਈ ਕੰਧ ਨੂੰ ਬਿਲਕੁਲ ਖਾਲੀ ਜਾਂ ਬਿਨਾਂ ਕਿਸੇ ਤਸਵੀਰਾਂ ਜਾਂ ਪੇਟਿੰਗ ਤੋਂ ਨਹੀਂ ਰੱਖਣਾ ਚਾਹੀਦਾ। ਅਰਥਾਤ ਘਰ ਵਿਚ ਕੋਈ ਵੀ ਕੰਧ ਜਾਂ ਦੀਵਾਰ ਬਿਲਕੁਲ ਖਾਲੀ ਨਹੀਂ ਰੱਖਣਾ ਚਾਹੀਦਾ। ਅਸੀਂ ਅਕਸਰ ਵੇਖਦੇ ਹਾਂ ਕਿ ਅਜਿਹਾ ਨਾਰਮਲੀ ਕਦੇ ਵੀ ਨਹੀਂ ਹੁੰਦਾ ਕਿ ਘਰ ਵਿਚ ਕੋਈ ਦੀਵਾਰ ਖਾਲੀ ਹੋਵੇ। ਜਾਂ ਅਸੀਂ ਕੋਈ ਨਾ ਕੋਈ ਪਰਮਾਤਮਾ ਦੀ ਤਸਵੀਰ, ਫੋਟੋ ਜਾਂ ਪੇਟਿੰਗ ਲਗਾ ਕੇ ਰੱਖਦੇ ਹਾਂ ਜਾਂ ਫਿਰ ਉਥੇ ਕੋਈ ਨਾ ਕੋਈ ਖਿੜਕੀ ਜਾਂ ਕੋਈ ਹੋਰ ਚੀਜ਼ ਜ਼ਰੂਰ ਹੁੰਦੀ ਹੈ। ਪਰੰਤੂ ਜੇਕਰ ਗਲਤੀ ਨਾਲ ਕੋਈ ਘਰ ਦੀ ਦੀਵਾਰ ਬਿਲਕੁਲ ਖਾਲੀ ਰਹਿ ਜਾਵੇ ਤਾਂ ਉਸ ਘਰ ਵਿਚ ਰਹਿਣ ਵਾਲੇ ਵਿਅਕਤੀਆਂ ਨੂੰ ਨੀਂਦ ਨਾ ਆਉਣਾ ਜਾਂ ਫਿਰ ਅੱਧਾ ਸਿਰ ਦੁੱਖਣ ਦੀ ਪ੍ਰਾਬਲਮ ਰਹਿਣ ਲੱਗ ਪੈਂਦੀ ਹੈ। ਵਾਸਤੂ ਨਾਲ ਬਿਲਾਂਗ ਕਰਦੇ ਦੋਸ਼ਾਂ ਵਿਚੋਂ ਇਹ ਵੀ ਇਕ ਮਾੜਾ ਵਾਸਤੂ ਦੋਸ਼ ਹੈ। ਇਸ ਕਰਕੇ ਇਸ ਚੀਜ ਦਾ ਬਹੁਤ ਖਿਆਲ ਰੱਖਣਾ ਚਾਹੀਦਾ ਹੈ ਕਿ ਕੋਈ ਵੀ ਦੀਵਾਰ ਬਿਲਕੁਲ ਪਲੇਨ ਜਾਂ ਖਾਲੀ ਨਾ ਰਵੇ।

ਇਸ ਤੋਂ ਇਲਾਵਾ ਅਸੀਂ ਅਕਸਰ ਸੁਣਦੇ ਜਾਂ ਵੇਖਦੇ ਹਾਂ ਕਿ ਸਾਨੂੰ ਸਾਡੇ ਰਿਸ਼ਤੇਦਾਰਾਂ ਯਾਰਾਂ ਦੋਸਤਾਂ ਕੋਲੋਂ ਸੁਨਣ ਨੂੰ ਮਿਲਦਾ ਹੈ ਕਿ ਹੁਣ ਸਾਡਾ ਕੰਮ ਕਾਜ ਵਿਚ ਦਿਲ ਟਿਕਦਾ ਨਹੀਂ ਹੈ। ਆਫਿਸ ਜਾਂਦੇ ਸਾਰ ਹੀ ਜਾਂ ਤਾਂ ਆਲਸ ਪੈਣ ਲੱਗ ਜਾਂਦਾ ਹੈ ਜਾਂ ਫਿਰ ਨੀਂਦ ਆਉਣ ਲੱਗ ਜਾਂਦੀ ਹੈ। ਜਾਂ ਫਿਰ ਦਿਮਾਗ ਇਧਰ ਉਧਰ ਭਟਕਣ ਲੱਗ ਪੈਂਦਾ ਹੈ ਕੰਮ ਕਰਨ ਨੂੰ ਬਿਲਕੁਲ ਦਿਲ ਨਹੀਂ ਕਰਦਾ। ਮੈਂ ਆਪਣੇ ਪਾਠਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਚੀਜ਼ ਦਾ ਕਾਰਨ (ਅਲਸਨ ਵੱਲ) ਨਾਂ ਦਾ ਭਿਅੰਕਰ ਵਾਸਤੂ ਦੋਸ਼ ਹੋ ਸਕਦਾ ਹੈ। ਇਸ ਵਾਸਤੂ ਦੋਸ਼ ਨੂੰ ਵਾਸਤੂ ਸ਼ਾਸਤਰ ਨਿਯਮ ਵਿਚ ਮਾੜੇ ਵਾਸਤੂ ਦੋਸ਼ਾਂ ਵਿਚੋਂ ਇਕ ਮੰਨਿਆ ਜਾਂਦਾ ਹੈ ਜਦੋਂ ਅਸੀਂ ਆਪਣੇ ਕੰਮ ਕਾਜ ਵਿਚ ਜਾਂ ਫਿਰ ਆਫਿਸ ਵਿਚ ਮੇਨ ਦਰਵਾਜੇ ਦੇ ਨੂੰ ਪਿਠ ਕਰਕੇ ਬੈਠਦੇ ਹਾਂ ਇਹ ਵਾਸਤੂ ਦੋਸ਼ ਉਤਪਨ ਹੁੰਦਾ ਹੈ। ਅਰਥਾਤ ਕੰਮ ਕਾਜ ਵਿਚ ਆਲਸੀਪਨ ਪੈਣਾ, ਸੁਸਤੀ ਪੈਣੀ ਜਾਂ ਫਿਰ ਨੀਂਦ ਆਉਣੀ ਸ਼ੁਰੂ ਹੋ ਜਾਂਦੀ ਹੈ। ਕੰਮ ਕਾਜ ਵਿਚ ਦਿਲ ਲੱਗਣਾ ਬੰਦਾ ਹੋ ਜਾਂਦਾ ਹੈ। ਇਸ ਲਈ ਮੈਂ ਆਪਣੇ ਪਾਠਕਾਂ ਨੂੰ ਹਿਦਾਇਤ ਦੇਣਾ ਚਾਹੁੰਦਾ ਹਾਂ ਕਿ ਕਦੇ ਵੀ ਕੰਮ ਕਾਜ ਵਿਚ, ਜਾਂ ਫਿਰ ਆਫਿਸ ਵਿਚ ਬੈਠਦੇ ਹੋਏ ਪਿਠ ਨੂੰ ਮੇਨ ਦਰਵਾਜੇ ਵੱਲ ਨੂੰ ਕਰਦੇ ਨਹੀਂ ਬੈਠਣਾ ਚਾਹੀਦਾ।

ਅਜਿਹਾ ਕਰਨ ਨਾਲ ਕੰਮ ਕਾਜ ਵਿਚ ਟਰੱਬਲ ਆਉਣੀ ਬੰਦ ਹੋ ਜਾਂਦੀ ਹੈ ਅਤੇ ਕੰਮ ਕਾਜ ਭਰਪੂਰ ਐਨਰਜੀ ਅਤੇ ਪੋਜ਼ੀਟਿਵ ਥਿੰਕੀਗ ਨਾਲ ਕਰ ਹੁੰਦਾ ਹੈ।

ਹੁਣ ਜਿਹਾੜਾ ਵਾਸਤੂ ਦੋਸ਼ ਨਿਵਾਰਣ ਉਪਾਅ ਮੈਂ ਆਪਣੇ ਪਾਠਕਾਂ ਵਾਸਤੇ ਲਿਖਣ ਜਾਂ ਰਿਹਾ ਹਾਂ, ਉਹ ਮੇਰੇ ਉਹਨਾਂ ਪਾਠਕਾਂ ਵਾਸਤੇ ਹੈ ਜਿੰਨਾਂ ਦੇ ਘਰ ਵਿਚ ਮੈਰਿਜ ਲਾਈਫ ਵਿਚ ਪ੍ਰਾਬਲਮ ਚੱਲ ਰਹੀ ਹੁੰਦੀ ਹੈ। ਘਰ ਵਿਚ ਦੱਖਣ-ਪੱਛਮ ਕੋਨਾ ਸ਼ਾਦੀ ਸ਼ੁਦਾ ਜ਼ਿੰਦਗੀ ਨਾਲ ਬਿਲਾਂਗ ਕਰਦਾ ਕੋਨਾ ਹੁੰਦਾ ਹੈ। ਇਸ ਕੋਨੇ ਵਿਚ ਕਦੇ ਵੀ ਹਨੇਰਾ ਨਹੀਂ ਰੱਖਣਾ ਚਾਹੀਦਾ। ਜੇਕਰ ਮੇਰੇ ਕਿਸੇ ਪਾਠਕਾਂ ਦੇ ਘਰ ਵਿਚ ਮੈਰਿਜ ਲਾਈਫ ਨੂੰ ਲੈ ਕੇ ਟੈਸ਼ਨ ਹੋਵੇ ਤਾਂ ਉਹਨਾਂ ਨੂੰ ਆਪਣੇ ਘਰ ਦੇ ਇਸ ਕੋਨੇ ਨੂੰ ਚੈਕ ਕਰਨਾ ਚਾਹੀਦਾ ਹੈ। ਜੇਕਰ ਇਥੇ ਅਕਸਰ ਹਨੇਰਾ ਰਹਿੰਦਾ ਹੋਵੇ ਤਾਂ ਇਥੇ ਕੋਈ ਲਾਈਟ ਜਾਂ ਲੈਂਪ ਲਗਾਉਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਸ਼ਾਦੀ ਸ਼ੁਦਾ ਲਾਈਫ਼ ਵਿਚ ਤਕਲੀਫ਼ਾਂ ਦੀ ਕਮੀ ਹੁੰਦੀ ਹੈ। ਅਤੇ ਪਤੀ ਪਤਨੀ ਵਿਚ ਪਿਆਰ ਵੱਧਦਾ ਹੈ।

ਅਸੀਂ ਅਕਸਰ ਆਪਣੇ ਯਾਰਾਂ ਦੋਸਤਾਂ, ਰਿਸ਼ਤੇਦਾਰਾਂ ਕੋਲੋਂ ਸੁਣਦੇ ਹਾਂ ਕਿ ਉਹਨਾਂ ਨੂੰ ਅੱਧੀ ਰਾਮ ਨੂੰ ਨੀਂਦ ਖੁੱਲ ਜਾਂਦੀ ਹੈ ਫਿਰ ਛੇਤੀ ਆਉਂਦੀ ਨਹੀਂ ਹੈ। ਅਤੇ ਅੱਧਾ ਸਿਰ ਦੁੱਖਣ ਦੀ ਪ੍ਰਾਬਲਮ ਵੀ ਬਹੁਤ ਜ਼ਿਆਦਾ ਹੈ। ਜੇਕਰ ਸਾਰੇ ਡਾਕਟਰੀ ਚੈਕ ਅੱਪ ਕਰਵਾਉਣ ਤੋਂ ਬਾਅਦ ਇਹ ਪ੍ਰਾਬਲਮ ਫਿਰ ਵੀ ਹਲ ਨਹੀਂ ਹੁੰਦੀ ਤਾਂ ਇਹ ਵਾਸਤੂ ਨਾਲ ਬਿਲਾਂਗ ਕਰਦੇ ਦੋਸ਼ਾਂ ਕਰਕੇ ਹੋ ਸਕਦੀ ਹੈ। ਅਰਥਾਤ ਗਲਤ ਸਾਈਡ ਨੂੰ ਵੱਲ ਨੂੰ ਸੋਣ ਕਰਕੇ ਹੋ ਸਕਦੀ ਹੈ। ਇਸ ਲਈ ਮੈਂ ਆਪਣੇ ਪਾਠਕਾਂ ਨੂੰ ਕਹਿਣ ਚਾਹੁੰਦਾ ਹਾਂ ਕਿ ਸੋਣ ਵੇਲੇ ਪੈਰ ਕਦੇ ਵੀ ਪੂਰਬ ਦਿਸ਼ਾ ਜਾਂ ਦੱਖਣ ਦਿਸ਼ਾ ਵੱਲ ਨੂੰ ਨਹੀਂ ਹੋਣੇ ਚਾਹੀਦੇ। ਜਦੋਂ ਵੀ ਸੋਣਾ ਹੋਵੇ ਤਾਂ ਉਸ ਵੇਲੇ ਸਿਰ ਪੂਰਬ ਜਾਂ ਦੱਖਣ ਦਿਸ਼ਾ ਵੱਲ ਨੂੰ ਕਰਕੇ ਸੋਣਾ ਚਾਹੀਦਾ ਹੈ। ਅਜਿਹਾ ਨਾ ਕਰਨ ਨਾਲ ਸਰੀਰਕ ਰੋਗਾਂ ਨੂੰ ਜਨਮ ਦੇਣ ਵਾਲੇ ਗੰਭੀਰ ਵਾਸਤੂ ਦੋਸ਼ ਉਤਪਨ ਹੁੰਦੇ ਹਨ। ਜੇਕਰ ਸੋਦੇ ਟਾਈਮ ਦਿਸ਼ਾ ਦਾ ਧਿਆਨ ਰੱਖਿਆ ਜਾਵੇ ਤਾਂ ਸਿਹਤ ਪੱਖੋਂ ਜਾਂ ਨੀਂਦ ਪੱਖੋਂ ਕਦੇ ਵੀ ਜ਼ਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

ਇਸ ਤੋਂ ਇਲਾਵਾ ਜਿੰਨੇ ਘਰ ਵਿਚ ਮੈਂਬਰ ਹੋਣ, ਉਨੇ ਹੀ ਜੋ ਲੈ ਕੇ ਕਦੇ ਦੁੱਧ ਨਾਲ ਧੋ ਕੇ ਸ਼ਨੀਵਾਰ ਵਾਲੇ ਦਿਨ ਜਲ ਪ੍ਰਵਾਹ ਕਰਨੇ ਚਾਹੀਦੇ ਹਨ। ਅਜਿਹਾ ਲਗਾਤਾਰ 5 ਸ਼ਨੀਵਾਰ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਜਿੰਨਾ ਮਾਂ ਬਾਪ ਦਾ ਬੇਟਾ ਡਰੱਗਜ਼ ਲੈਣ ਦਾ ਆਦਿ ਹੋਵੇ, ਉਸ ਦੀ ਮਾਂ ਜਾਂ ਭੈਣ ਨੂੰ ਤਾਂਬੇ ਦਾ ਬਰਤਨ ਸ਼ਨੀਵਾਰ ਵਾਲੇ ਦਿਨ ਲੈ ਕੇ ਉਸ ਵਿਚ 4 ਕਿਲੋ ਹਰੀ ਮੂੰਗੀ ਦੀ ਦਾਲ ਪਾ ਕੇ ਉਸ ਉਪਰ ਤਾਂਬੇ ਦਾ ਹੀ ਢੱਕਣ ਰੱਖ ਕੇ ਅਤੇ ਤਾਂਬੇ ਨਾਲ ਹੀ ਬੰਨ ਕੇ ਸ਼ਨੀਵਾਰ ਵਾਲੇ ਦਿਨ ਚੱਲਦੇ ਪਾਣੀ ਵਿਚ ਪੂਰੀ ਸ਼ਰਧਾ ਨਾਲ ਬਹਾਉਣੀ ਚਾਹੀਦੀ ਹੈ ਅਤੇ ਬਹਾਉਣ ਤੋਂ ਪਹਿਲਾਂ ਇਹ ਮੰਤਰ ਚੱਲਦੇ ਪਾਣੀ ਕੋਲ ਖੜ੍ਹੇ ਹੋ ਕੇ 21 ਵਾਰ ਬੋਲਣਾਂ ਚਾਹੀਦਾ ਹੈ। (ਉਮ ਪਰਾਂ ਪਰੀ ਪਰੋਂ ਸਾ ਸਨੈਸ਼ਚਰਾਏ ਨਮੋ) ਧਿਆਨ ਰੱਖਣ ਵਾਲੀ ਗੱਲ ਹੈ ਕਿ ਇਹ ਉਪਾਅ ਅਤੇ ਮੰਤਰ ਪੂਰੀ ਸ਼ਰਧਾ ਅਤੇ ਦਿਲ ਨਾਲ ਕਰਨਾ ਚਾਹੀਦਾ ਹੈ। ਅਤੇ ਉਪਾਅ ਕਰਨ ਤੋਂ ਉਪਰੰਤ ਘਰ ਵਾਪਸ ਆਉਂਦੇ ਹੋਏ ਪਿਛੇ ਮੁੜ ਕੇ ਨਹੀਂ ਦੇਖਣਾ ਹੈ। ਇਹ ਉਪਾਅ ਕਰਨ ਤੋਂ ਬਾਅਦ ਮੇਰੇ ਜਿਹੜੇ ਵੀ ਪਾਠਕ ਦਾ ਕੋਈ ਫੈਮਿਲੀ ਮੈਂਬਰ ਨਸ਼ਿਆਂ ਵੱਲ ਨੂੰ ਜਾਂ ਹੋਰ ਉਲਟੇ ਕੰਮਾਂ ਵੱਲ ਨੂੰ ਜਾਂਦਾ ਹੋਵੇ ਹੋਲੀ ਹੋਲੀ ਸਹੀ ਰਾਹ 'ਤੇ ਆ ਜਾਵੇਗਾ।

ਇਥੇ ਬਾਹਰਲੇ ਮੁਲਕਾਂ ਵਿਚ ਹਜ਼ਾਰਾਂ ਲੱਖਾਂ ਤਾਦਾਤ ਵਿਚ ਇਹੋ ਜਿਹੇ ਪਰਿਵਾਰ ਵੀ ਹਨ ਜਿੰਨਾਂ ਦੇ ਬੱਚੇ ਹਲਕੀ ਉਮਰ ਵਿਚ ਇਜੀ ਮਨੀ ਕਮਾਉਣ ਵਾਸਤੇ ਗਲਤ ਰਸਤੇ 'ਤੇ ਚੱਲ ਪੈਂਦੇ ਹਨ। ਅਤੇ ਗਲਤ ਕੰਪਨੀ ਵਿਚ ਪੈ ਕੇ ਨਸ਼ੇ ਕਰਨ ਲੱਗ ਪੈਂਦੇ ਹਨ ਅਤੇ ਆਪਣੇ ਕੰਮ ਕਾਜ ਨੂੰ ਛੱਡ ਕੇ ਬਰਬਾਦੀ ਨੂੰ ਆਪਣੀ ਹੱਥੀ ਵਾਜਾਂ ਮਾਰਦੇ ਹਨ। ਮੇਰੇ ਜਿੰਨਾਂ ਪਾਠਕ ਪਾਠਕਾਵਾਂ ਦੇ ਘਰ ਵਿਚ ਸੰਤਾਨ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰਾਬਲਮ ਹੈ ਤਾਂ ਇਹ ਉਪਾਅ ਕਰਨ ਤੋਂ ਬਾਅਦ ਆਪਣੇ ਧੀ ਜਾਂ ਪੁੱਤ ਨੂੰ ਲੈ ਕੇ ਜੇਕਰ ਕੋਈ ਵੀ ਟੈਸ਼ਨ ਹੋਵੇ ਤਾਂ ਇਹ ਹਮੇਸ਼ਾ ਵ